News release

# ਬਜਟ 2023: ਸਿਹਤ ਸੰਭਾਲ ਨੂੰ ਮਜ਼ਬੂਤ ਬਣਾਉਣਾ

ਫ਼ਰਬਰੀ 28, 2023

ਬਜਟ 2023 ਸਿਹਤ ਸੰਭਾਲ ਪਰਣਾਲੀ ਵਿੱਚ ਸੁਧਾਰ ਕਰ ਕੇ ਅਲਬਰਟਾ ਦੇ ਭਵਿੱਖ ਨੂੰ ਸੁਰੱਖਿਅਤ ਬਣਾਉਂਦਾ ਹੈ।

ਅਲਬਰਟਾ ਦੀ ਸਰਕਾਰ ਇਸ ਸਾਲ ਮਨਿਸਟਰੀ ਆਫ਼ ਹੈੱਲਥ ਦੇ ਕਾਰਜਸ਼ੀਲ ਫ਼ੰਡਾਂ ਵਿੱਚ $24.5 ਬਿਲੀਅਨ ਦੀ ਰਿਕਾਰਡ ਤੋੜ ਰਾਸ਼ੀ ਦਾ ਨਿਵੇਸ਼ ਕਰ ਰਹੀ ਹੈ, ਇਹ ਪਿਛਲੇ ਸਾਲ ਨਾਲੋਂ 4.1 ਪ੍ਰਤੀਸ਼ਤ ਵੱਧ ਹੈ। ਇਹ ਵਧੇਰੇ ਡਾਲਰ ਅਲਬਰਟਾ ਵਾਸੀਆਂ ਲਈ ਸਿਹਤ ਸੰਭਾਲ ਸੇਵਾਵਾਂ ਵਿੱਚ ਸੁਧਾਰ ਕਰਨ ਦੀ ਸਿਹਤ-ਸੰਭਾਲ ਕਾਰਜ ਯੋਜਨਾ ਦੀਆਂ ਪ੍ਰਾਥਮਿਕਤਾਵਾਂ ਵਿੱਚ ਮਦਦ ਕਰਨਗੇ।

ਬਜਟ 2023 ਸਿਹਤ ਸੁਵਿਧਾਵਾਂ (ਇਮਾਰਤਾਂ ਆਦਿ) ਦੀ ਉਸਾਰੀ, ਵਿਸਤਾਰ ਅਤੇ ਮੁਰੰਮਤ ਆਦਿ ਲਈ $3.1 ਬਿਲੀਅਨ ਮੁਹੱਈਆ ਕਰਦਾ ਹੈ। ਇਸ ਵਿੱਚ ਅਲਬਰਟਾ ਦੇ ਵੱਡੇ ਹਸਪਤਾਲਾਂ ਵਿੱਚੋਂ ਇੱਕ ਰੈੱਡ ਡੀਅਰ ਰੀਜਨਲ ਹਸਪਤਾਲ ਵਿੱਚ ਸੰਗੀਨ ਸੇਵਾਵਾਂ ਦੇ ਵਾਧੇ ਲਈ ਫ਼ੰਡਿੰਗ ਵੀ ਸ਼ਾਮਲ ਹੈ। ਧਨ ਰਾਸ਼ੀ (ਡਾਲਰ) ਹੋਰ ਪ੍ਰੋਜੈਕਟਾਂ ਲਈ ਵੀ ਦਿੱਤੀ ਜਾਵੇਗੀ ਜਿਵੇਂ ਕਿ ਐਡਮੰਨਟਨ ਵਿੱਚ ਸਟਰੌਲੀ ਚਿਲਡਰਨ'ਸ ਹਸਪਤਾਲ, ਨਾਰਥ ਕੈਲਗਰੀ/ਏਅਰਡਰੀ ਰੀਜਨਲ ਹੈੱਲਥ ਸੈਂਟਰ, ਸਟਰੈਥਕੋਨਾ ਕਮਿਊਨਿਟੀ ਹਸਪਤਾਲ ਦਾ ਵਿਸਤਾਰ, ਅਤੇ ਬਸਾਨੋ, ਕਾਰਡਸਨ, ਅਤੇ ਵ੍ਹਾਈਟਕੋਰਟ ਵਿੱਚ ਨਵੀਆਂ ਜਾਂ ਉੱਨਤ (ਅੱਪਗਰੇਡ ਕੀਤੀਆਂ) ਸਹੂਲਤਾਂ।

ਬਜਟ 2023 ਵਿੱਚ ਫ਼ਿਜ਼ੀਸ਼ੀਅਨ ਅਤੇ ਨਰਸਾਂ ਸਮੇਤ ਵਧੇਰੇ ਸਿਹਤ ਸੰਭਾਲ ਵਰਕਰਾਂ ਨੂੰ ਆਕਰਸ਼ਤ ਕਰਨ ਲਈ 2023-24 ਵਿੱਚ $158 ਮਿਲੀਅਨ ਸ਼ਾਮਲ ਕੀਤੇ ਗਏ ਹਨ।

" ਇਹ ਸਿਹਤ ਸੰਭਾਲ ਵਿੱਚ ਇੱਕ ਹੋਰ ਰਿਕਾਰਡ ਤੋੜ ਨਿਵੇਸ਼ ਹੈ," ਅਲਬਰਟਾ ਸਰਕਾਰ ਦੇ ਸਿਹਤ ਮੰਤਰੀ ਜੇਸਨ ਕੋਪਿੰਗ ਨੇ ਕਿਹਾ।

ਬਜਟ 2023 ਐਮਬੂਲੈਂਸ ਪ੍ਰਤੀਕਿਰਿਆ ਸਮੇਂ ਵਿੱਚ ਸੁਧਾਰ ਕਰਨ ਲਈ ਤਿੰਨ ਸਾਲਾਂ ਵਿੱਚ $211 ਮਿਲੀਅਨ ਦਾ ਵਾਧਾ ਸ਼ੁਰੂ ਕਰਦਾ ਹੈ।

ਮੁੱਢਲੀ ਸਿਹਤ ਸੰਭਾਂਲ ਵਿੱਚ ਸੁਧਾਰ ਕਰਨ ਲਈ ਅਲਬਰਟਾ ਦੀ ਸਰਕਾਰ 2023-24 ਵਿੱਚ $2 ਬਿਲੀਅਨ ਤੋਂ ਵੱਧ ਨਿਵੇਸ਼ ਕਰ ਰਹੀ ਹੈ।

## ਸੰਬੰਧਤ ਜਾਣਕਾਰੀ

Alberta.ca/Budget

## ਮੀਡੀਆ ਪੁੱਛ-ਗਿੱਛ

Charlotte Taillon
charlotte.taillon@gov.ab.ca
780-932-5381
Press Secretary, Treasury Board and Finance

Classification: Public

“ਸੰਗੀਨ ਸਿਹਤ-ਸੰਭਾਲ ਸਹੂਲਤਾਂ ਦੀ ਸਮਰੱਥਾ ਵਿੱਚ ਵਾਧਾ ਕਰ ਕੇ, ਅਸੀਂ ਇਹ ਯਕੀਨੀ ਬਣਾ ਸਕਦੇ ਹਾਂ ਕਿ ਸਾਡੀ ਸਿਹਤ-ਸੰਭਾਲ ਪਰਣਾਲੀ ਸਾਡੇ ਨਾਗਰਿਕਾਂ ਦੀਆਂ ਲੋੜਾਂ ਪੂਰੀਆਂ ਕਰ ਸਕਦੀ ਹੈ,” ਅਲਬਰਟਾ ਸਰਕਾਰ ਦੇ ਵਿੱਤ ਮੰਤਰੀ ਟਰੈਵਿਸ ਟੋਅਜ਼ ਨੇ ਕਿਹਾ।

ਬਜਟ 2023 ਵਿੱਚ ਕਮਿਊਨਿਟੀ ਕੇਅਰ, ਲਗਾਤਾਰ ਪ੍ਰਦਾਨ ਕੀਤੀ ਜਾਣ ਵਾਲੀ ਸੰਭਾਲ ਅਤੇ ਹੋਮ ਕੇਅਰ ਪ੍ਰੋਗਰਾਮਾਂ ਦੀ ਕਾਰਜਸ਼ੀਲ ਇਮਦਾਦ ਲਈ ਕੁੱਲ ਮਿਲਾ ਕੇ $4.3 ਬਿਲੀਅਨ ਸ਼ਾਮਲ ਕੀਤੇ ਗਏ ਹਨ, ਇਹ ਪਿਛਲੇ ਸਾਲ ਨਾਲੋਂ 15 ਪ੍ਰਤੀਸ਼ਤ ਤੋਂ ਵੀ ਵੱਧ ਹੈ।

ਤਿੰਨ ਸਾਲਾਂ ਦੇ ਸਮੇਂ ਵਿੱਚ ਅਲਬਰਟਾ ਸਰਕਾਰ ਲੰਬੀ-ਮਿਆਦ ਦੀਆਂ ਨਸ਼ਿਆਂ ਦੀਆਂ ਆਦਤਾਂ ਤੋਂ ਛੁਟਕਾਰਾ ਪਾਉਣ ਦੀਆਂ ਸੇਵਾਵਾਂ ਲਈ ਵੀ $155 ਮਿਲੀਅਨ ਦਾ ਨਿਵੇਸ਼ ਕਰੇਗੀ।